7

# ਵਿਆਹ ਪਿੱਛੋਂ....?

1946 193

ਸਰਦਾਰ ਸਿੰਘ "ਅਰਮਾਨ" ਬੀ.ਏ.

LAHORE LIBRARY

ਪ੍ਰਕਾਸ਼ਕ

**ਪੰਜਾਬੀ ਲਿਟਰੇਚਰ ਸੁਸਾਇਟੀ**
A/9 ਕਚਹਿਰੀ ਰੋਡ, ਰਾਵਲਪਿੰਡੀ

ਭੇਟਾ ॥)

SINGH BROTHERS

[ਸਭ ਹਕ ਰਾਖਵੇਂ ਹਨ]

612.6
ਮ22ਚਿ
27667

1st Edition, Jan. 1942
**Price As. -/12/-**

Printed by S Gur Bakhsh Singh at the 'Preet Sainik' Press, Preet Nagar and Published by S. Sardar Singh 'Arman' B. A., A/9 Kutchery Road, Rawalpindi.

# ਸੂਚੀ

| | |
|---|---|
| ੧. ਦਿਲ ਦੀ ਉਮੰਗ | ੧ |
| ੨. ਅਧੂਰੀ ਖ਼ੁਸ਼ੀ | ੧੩ |
| ੩. ਇਸਤ੍ਰੀ ਦੀ 'ਠੰਢਕ' | ੨੮ |
| ੪. ਬੁਨਿਆਦੀ ਜਜ਼ਬਾ | ੫੧ |
| ੫. ਸਾਂਝਾ ਮਿਲਾਪ | ੫੯ |
| ੬. ਨੀਂਦਰ | ੮੦ |
| ੭. ਸ਼ਰਮ ਅਤੇ ਰੋਮਾਂਸ | ੮੭ |
| ੮. ਬ੍ਰਹਮਚਰਜ | ੯੭ |
| ੯. ਬੱਚੇ ਅਤੇ ਪੋਸ਼ਾਕ | ੧੦੩ |
| ੧੦. ਸਮਾਜ | ੧੧੫ |

# ਦੋ ਗੱਲਾਂ

ਮਰਦ ਅਤੇ ਤੀਵੀਂ ਦੇ ਲਿੰਗ-ਸੰਬੰਧ ਬਾਰੇ ਬੜੀ ਘੱਟ ਖੋਜ ਕੀਤੀ ਗਈ ਹੈ। ਖ਼ਾਸ ਕਰ ਕੇ ਪੰਜਾਬੀ ਬੋਲੀ ਵਿਚ ਅਜਿਹੀ ਕੋਈ ਪੁਸਤਕ ਨਹੀਂ ਜਿਹੜੀ ਇਸ ਅਤੀ ਜ਼ਰੂਰੀ ਅਤੇ ਬੁਨਿਆਦੀ ਵਿਸ਼ੇ ਤੇ ਪੂਰਨ ਸੁਤੰਤ੍ਰਤਾ ਨਾਲ ਠੀਕ ਰਾਇ ਦੇ ਸਕੇ। ਇਹ ਅਜਿਹਾ ਵਿਸ਼ਾ ਹੈ ਜਿਹੜਾ ਸਾਡੇ ਵਿਵਾਹਕ ਜੀਵਨ ਤੇ ਬੜਾ ਡੂੰਘਾ ਅਸਰ ਪਾਉਂਦਾ ਹੈ। ਪਰ ਇਸ ਗਿਆਨ ਨੂੰ ਸਾਡੇ 'ਬੁੱਢੇ ਬਾਬਿਆਂ' ਨੇ ਝੂਠੀ ਸ਼ਰਮ ਅਤੇ ਹਯਾ ਦੇ ਪਰਦੇ ਹੇਠਾਂ ਲੁਕਾ ਕੇ ਨੌਜਵਾਨਾਂ ਨੂੰ ਅਗਿਆਨਤਾ ਦੇ ਹਨੇਰੇ ਵਿਚ ਠੋਕਰਾਂ ਖਾਣ ਲਈ ਛੱਡ ਦਿੱਤਾ ਹੈ। ਨੌਜਵਾਨ ਮਰਦ ਅਤੇ ਇਸਤ੍ਰੀਆਂ ਠੀਕ ਗਿਆਨ ਨਾ ਮਿਲਣ ਦੇ ਕਾਰਨ ਅਜਿਹੀਆਂ ਗ਼ਲਤੀਆਂ ਕਰ ਬੈਠਦੇ ਹਨ ਜਿਹੜੀਆਂ ਉਨ੍ਹਾਂ ਦੇ ਘਰੋਗੀ ਜੀਵਨ ਨੂੰ ਸਦਾ ਲਈ ਨਸ਼ਟ ਕਰ ਦੇਂਦੀਆਂ ਹਨ।

ਮੈਂ ਕੁਝ ਆਪਣੇ ਅਤੇ ਕੁਝ ਸੱਜਣਾਂ ਤੇ ਸਜਣੀਆਂ ਦੇ ਤਜਰਬਿਆਂ ਤੋਂ ਸਿੱਟੇ ਕੱਢ ਕੇ ਪੂਰਨ ਖੁਲ੍ਹ ਨਾਲ ਲਿਖਣ ਦਾ ਯਤਨ ਕੀਤਾ ਹੈ। ਹੋ ਸਕਦਾ ਹੈ ਕਿ ਕੁਝ ਸ਼ਬਦ ਜਾਂ ਕੁਝ ਖ਼ਿਆਲ ਉਨ੍ਹਾਂ 'ਬੁੱਢੇ ਬਾਬਿਆਂ' ਲਈ 'ਸ਼ਾਕ' ਹੋਣ।

ਇਹ ਵੀ ਹੋ ਸਕਦਾ ਹੈ ਕਿ ਕੁਝ ਪਾਠਕ ਮੇਰੇ ਕੁਝ ਖ਼ਿਆਲਾਂ ਨਾਲ ਸਹਿਮਤ ਨਾ ਹੋਣ। ਉਨ੍ਹਾਂ ਦੇ ਤਜਰਬੇ ਇਨ੍ਹਾਂ ਤੋਂ ਉਲਟ ਹੋਣ। ਇਹ ਕੁਦਰਤੀ ਗੱਲ ਹੈ।

ਮੈਂ ਯਤਨ ਕੀਤਾ ਹੈ ਕਿ ਨੌਜਵਾਨ ਵਿਵਾਹਕ ਜੋੜਿਆਂ ਨੂੰ ਇਸ ਜ਼ਰੂਰੀ ਵਿਸ਼ੇ ਸੰਬੰਧੀ ਠੀਕ ਰੋਸ਼ਨੀ ਦਿੱਤੀ ਜਾਵੇ। ਮੈਂ ਕਿਥੋਂ ਤੀਕ ਸਫਲ ਹੋਇਆ ਹਾਂ ਇਹ ਪਿਆਰੇ ਪਾਠਕ ਆਪ ਹੀ ਪੜ੍ਹਕੇ ਅੰਦਾਜ਼ਾ ਲਾ ਲੈਣ।

ਰਾਵਲਪਿੰਡੀ — ਸਰਦਾਰ ਸਿੰਘ 'ਅਰਮਾਨ'
ਜਨਵਰੀ ੧੯੪੨ — ਬੀ. ਏ.

# ਦਿਲ ਦੀ ਉਮੰਗ

ਹਰ ਮਨੁੱਖ-ਹਿਰਦਾ ਇਕ ਸਾਥੀ ਦੀ ਤਾਂਘ ਰਖਦਾ ਹੈ। ਕਿਸੇ ਕਾਰਨ, ਜਿਹੜਾ ਸਾਡੀ ਸਮਝ ਤੋਂ ਬਾਹਰ ਹੈ, ਕੁਦਰਤ ਨੇ ਸਾਨੂੰ ਅਜਿਹੀ ਦਸ਼ਾ ਵਿਚ ਪੈਦਾ ਕੀਤਾ ਹੈ ਕਿ ਅਸੀ ਆਪਣੇ ਵਿਚ ਅਪੂਰਨ ਹਾਂ। ਨਾ ਮਰਦ ਤੇ ਨਾ ਹੀ ਤੀਵੀਂ ਇਕੱਲਿਆਂ ਸਾਰੇ ਮਨੁੱਖੀ ਕੰਮਾਂ ਤੋਂ ਖ਼ੁਸ਼ੀ ਪ੍ਰਾਪਤ ਕਰ ਸਕਦੇ ਹਨ, ਅਤੇ ਨਾ ਇਕੱਲਿਆਂ ਇਕ ਹੋਰ ਨਵਾਂ ਜੀਵ ਹੀ ਪੈਦਾ ਕਰ ਸਕਦੇ ਹਨ। ਸਰੀਰਾਂ ਦੀ ਬਨਾਵਟ ਦੇ ਫ਼ਰਕ ਦੀ ਇਹ ਸਚਾਈ ਸਾਡੇ ਸਾਰੇ ਜੀਵਨ ਤੇ ਅਸਰ ਪਾਉਂਦੀ ਹੈ। ਸਾਡੇ ਸਾਰਿਆਂ ਦਿਆਂ ਦਿਲਾਂ ਦੀਆਂ ਅੰਦ੍ਰੀਵ ਡੂੰਘਾਣਾਂ ਵਿਚ ਵੀ ਇਹੋ ਤੀਬਰ ਇੱਛਾ ਹੁੰਦੀ ਹੈ ਕਿ ਅਸੀਂ ਇਕ ਹੋਰ ਆਤਮਾ ਨਾਲ ਇਕ ਜਾਨ ਹੋ ਜਾਈਏ ਅਤੇ ਇਸ ਪ੍ਰਕਾਰ ਅਸੀਂ ਪੂਰਨ ਬਣ ਸਕੀਏ।

ਹਰ ਇਕ ਯੁਵਕ ਅਤੇ ਯੁਵਤੀ ਵਿਚ, ਜੇ ਉਨ੍ਹਾਂ ਨੂੰ ਮਾਪਿਆਂ ਤੋਂ ਰੋਗੀ ਅਤੇ ਕਮਜ਼ੋਰ ਰੁਚੀਆਂ ਵਿਰਸੇ ਵਿਚ ਨਾ ਮਿਲੀਆਂ ਹੋਣ, ਸਾਡੀ ਮਨੁਖ ਜਾਤੀ ਦੀ ਇਹ ਪੁਰਾਤਨ ਇੱਛਾ ਮੁੜ ਨਵੇਂ ਸਿਰਿਓਂ ਆਪਣੇ ਪੂਰੇ ਸੁਹਜ ਅਤੇ ਬਲ ਨਾਲ ਜਾਗ ਪੈਂਦੀ ਹੈ।

ਮਿਠੇ ਸੁਪਨਿਆਂ ਅਤੇ ਜਵਾਨੀ ਦੀਆਂ ਸਰੀਰਕ ਤਬ-

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.